Weekly

# CANADA SIKH TIMES

14 - 20 September 2024

ਕੈਨੇਡਾ ਸਿੱਖ ਟਾਈਮਜ਼

Volume 2 Issue 37

• RELIGION • CULTURE • HERITAGE • BUSINESS

## ਪੰਜਾਬ ਦੇ ਕਰਮਜੀਤ ਸਿੰਘ ਤਲਵਾੜ ਨਿਊਜ਼ੀਲੈਂਡ ’ਚ ਬਣੇ ਪਹਿਲੇ ਸਿੱਖ ਅਫ਼ਸਰ



ਦਸੂਹਾ ਦੇ ਕਰਮਜੀਤ ਸਿੰਘ ਤਲਵਾੜ ਨੇ ਨਿਊਜ਼ੀਲੈਂਡ ਚ ਮਨਿਸਟਰੀ ਆਫ ਜਸਟਿਸ ਨਾਲ ਸਬੰਧਤ “ਇਸ਼ੂਇੰਗ ਅਫ਼ਸਰ” ਵਜੋਂ ਅਹੁਦਾ ਸੰਭਾਲ ਲਿਆ ਹੈ। ਉਹਨਾਂ ਦੀ ਇਸ ਉਪਲਬਧੀ ਨਾਲ ਵਿਸ਼ਵ ਭਰ ਵਿਚ ਪੰਜਾਬੀਆਂ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ। ਇਸ ਤੋਂ ਪਹਿਲਾਂ ਤਲਵਾੜ ਨਿਊਜ਼ੀਲੈਂਡ ਦੇ ਨੌਰਥ ਸ਼ੋਰ ਇਲਾਕੇ ਦੇ ਇਕਲੌਤੇ ‘ਜਸਟਿਸ ਆਫ ਪੀਸ’ (ਜੇਪੀ) ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਨਿਊਜ਼ੀਲੈਂਡ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਕੋਈ ਅੰਮ੍ਰਿਤਧਾਰੀ ਸਿੱਖ ਇਸ਼ੂਇੰਗ ਅਫ਼ਸਰ ਬਣਿਆ ਹੋਵੇ। ਤਲਵਾੜ ਦੀ ਇਸ ਉਪਲਬਧੀ ਤੇ ਦੇਸ਼ਾਂ ਵਿਦੇਸ਼ਾਂ ਤੋਂ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਓਹਨਾਂ ਨੂੰ ਇਹ ਵਕਾਰੀ ਜ਼ਿੰਮੇਵਾਰੀ ਨਿਊਜ਼ੀਲੈਂਡ ਦੇ ਅਟਾਰਨੀ ਜਨਰਲ ਵਲੋਂ ਆਗਾਮੀ ਤਿੰਨ ਸਾਲ ਲਈ ਸੌਂਪੀ ਗਈ ਹੈ। ਉਹਨਾਂ ਨੂੰ ਕਿਸੇ ਮੁਲਜ਼ਮ ਵਿਰੁੱਧ ਕਾਨੂੰਨੀ ਕਾਰਵਾਈ ਦੌਰਾਨ ਸਬੂਤਾਂ ਦੀ ਜਾਂਚ ਕਰਨ ਮਗਰੋਂ ਵਾਰੰਟ ਜਾਰੀ ਕਰਨ ਸਬੰਧੀ ਸਮੁੱਚੇ ਕਾਰਜਾਂ ਦਾ ਅਧਿਕਾਰ ਹੋਵੇਗਾ। ਜ਼ਿਕਰਯੋਗ ਹੈ ਕਿ ਕਰੀਬ 27 ਸਾਲਾਂ ਤੋਂ ਪ੍ਰਵਾਰ ਸਣੇ ਨਿਊਜ਼ੀਲੈਂਡ ਚ ਰਹਿ ਰਹੇ ਕਰਮਜੀਤ ਸਿੰਘ ਤਲਵਾੜ ਨਿਊਜ਼ੀਲੈਂਡ ਸਕੂਲ ਬੋਰਡ ਦੇ ਤਿੰਨ ਵਾਰ ਟਰੱਸਟੀ ਵੀ ਬਣੇ।

## University ranks amongst the world's best at producing founders and entrepreneurs




The University of Waterloo (UW) has some famous alumni, including successful Shark Kevin O'Leary, acclaimed poet Rupi Kaur, and Steve “Red Green” Smith, but it turns out the list of successful people from UW runs even longer than expected. A recent ranking from research company Pitchbook had UW at the top of the podium amongst Canadian post-secondary institutions at generating successful entrepreneurs with undergraduate degrees.In total, the university has produced more than 560 founders, nearly 480 companies and about $27 billion raised in capital. UW also ranks second in Canada for the number of female founders they've produced, with 184 women from the school going on to create successful companies that generated more than $5.5 billion.

## ਪੰਜਾਬੀ ਨੌਜਵਾਨਾਂ ਦਾ ਮੁੜ ਵਧਿਆ ਅਮਰੀਕਾ ਵੱਲ ਰੁਝਾਨ



ਕੈਨੇਡਾ ਸਰਕਾਰ ਨੇ ਪ੍ਰਵਾਸੀਆਂ ਦੀ ਗਿਣਤੀ ਘੱਟ ਕਰਨ ਲਈ ਸਖ਼ਤ ਫੈਸਲੇ ਲਏ ਹਨ। ਇਸ ਦੇ ਤਹਿਤ ਕੈਨੇਡਾ ’ਚ 28 ਅਗਸਤ ਤੋਂ ਵਰਕ ਪਰਮਿਟ ’ਤੇ ਪਾਬੰਦੀ ਲੱਗ ਚੁੱਕੀ ਹੈ। ਇਸ ਦਾ ਮਤਲਬ ਹੈ ਕਿ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਰਕ ਪਰਮਿਟ ’ਤੇ ਕੰਮ ਕਰ ਰਹੇ ਨੌਜਵਾਨਾਂ ਦਾ ਵਰਕ ਵੀਜ਼ਾ ਨਹੀਂ ਵਧਾਇਆ ਜਾਵੇਗਾ। ਉਨ੍ਹਾਂ ਨੂੰ ਸਵਦੇਸ਼ ਪਰਤਣਾ ਪਵੇਗਾ। ਸਰਕਾਰ ਦੇ ਇਸ ਫ਼ੈਸਲੇ ਨਾਲ ਕੈਨੇਡਾ ਵਿੱਚ ਰੌਲਾ ਪਿਆ ਹੈ। ਜਿੱਥੇ ਨੌਜਵਾਨ ਸੜਕਾਂ ’ਤੇ ਹਨ, ਉੱਥੇ ਹੀ ਹੁਣ ਕਈ ਨੌਜਵਾਨਾਂ ਨੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਜਾਣਾ ਸ਼ੁਰੂ ਕਰ ਦਿੱਤਾ ਹੈ। ਕੈਨੇਡਾ ਦੇ ਇਸ ਫ਼ੈਸਲੇ ਦਾ ਪੰਜਾਬੀ ਨੌਜਵਾਨਾਂ ’ਤੇ ਭਾਰੀ ਅਸਰ ਪੈਣ ਵਾਲਾ ਹੈ। ਲਗਭਗ 70 ਹਜ਼ਾਰ ਭਾਰਤੀ ਪ੍ਰਭਾਵਿਤ ਹੋਣ ਵਾਲੇ ਹਨ। ਦਰਅਸਲ ਕੈਨੇਡਾ ਵਿੱਚ ਬੇਰੁਜ਼ਗਾਰੀ ਤੇਜ਼ੀ ਨਾਲ ਵਧੀ ਹੈ। 2024 ਦੇ ਅੰਤ ਤੱਕ ਕੈਨੇਡਾ ਵਿੱਚ ਭਾਰਤੀਆਂ ਦੀ ਗਿਣਤੀ 20 ਲੱਖ ਤੱਕ ਪਹੁੰਚਣ ਦੀ ਉਮੀਦ ਹੈ। ਸਾਲ 2022 ਵਿੱਚ 118,095 ਭਾਰਤੀ ਕੈਨੇਡਾ ਵਿੱਚ ਪੱਕੇ ਨਿਵਾਸੀ ਬਣ ਗਏ ਹਨ। ਕੈਨੇਡਾ ਸਰਕਾਰ ਅਨੁਸਾਰ ਜਿਨ੍ਹਾਂ ਲੋਕਾਂ ਨੇ 28 ਅਗਸਤ, 2024 ਤੋਂ ਪਹਿਲਾਂ ਅਪਲਾਈ ਕੀਤਾ ਹੈ, ਉਨ੍ਹਾਂ ਨੂੰ ਪੁਰਾਣੇ ਨਿਯਮਾਂ ਅਨੁਸਾਰ ਮੰਨਿਆ ਜਾਵੇਗਾ। ਇਸ ਫ਼ੈਸਲੇ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਦੇਸ਼ ਤੋਂ ਪ੍ਰਵਾਸੀਆਂ ਦੀ ਗਿਣਤੀ ਘਟਾਉਣ ਦਾ ਇਹ ਇਕ ਹੋਰ ਨਵਾਂ ਤਰੀਕਾ ਹੈ। ਇਕ ਸਟੱਡੀ ਵੀਜ਼ਾ ਮਾਹਿਰ ਦਾ ਕਹਿਣਾ ਹੈ ਕਿ ਕੈਨੇਡਾ ’ਚ ਦਿਨੋਂ-ਦਿਨ ਸਖ਼ਤੀ ਹੁੰਦੀ ਜਾ ਰਹੀ ਹੈ, ਜਿਸ ਦਾ ਸਿੱਧਾ ਅਸਰ ਪੰਜਾਬ ’ਤੇ ਪੈ ਰਿਹਾ ਹੈ। ਹੁਣ ਟਰੂਡੋ ਸਰਕਾਰ ਪੀ.ਆਰ. ਅਤੇ ਵਰਕ ਪਰਮਿਟ ’ਤੇ ਪਾਬੰਦੀ ਲਗਾ ਰਹੀ ਹੈ।

# DESH VIDESH

## Government of Canada strengthens support for Sikh culture and heritage



The story of Canada is made up of countless diverse histories. Canada's cultural fabric, shaped by the contributions of so many different communities, is richer and stronger because of this. When we share these stories, we build bridges, create understanding, and bring communities together.

For more than a hundred years, Sikh Canadians have made significant contributions that have helped shape the Canada we know and love and they continue to play a key role in the growth and prosperity of their communities.

Today, the Honourable Kamal Khera, Minister of Diversity, Inclusion and Persons with Disabilities, and the Honourable Harjit S. Sajjan, President of the King's Privy Council for Canada and Minister of Emergency Preparedness and Minister responsible for the Pacific Economic Development Agency of Canada, visited the Gurdwara Sahib Paldi in Duncan to highlight Budget 2024 investments supporting Sikh heritage and culture across Canada.

Through Budget 2024, the government will invest $1.8 million 2024-25 in the Indus Media Foundation in Surrey, B.C. for the completion of a short film highlighting the shared military heritage of Canadian and Indian soldiers in the First and Second World Wars. Starting in 2024–25, the government will also invest $11 million over two years to build new museums and cultural centres, including $6 million in support for the Sikh Arts & Culture Foundation and the Royal Ontario Museum's project to create a space in Toronto dedicated to Sikh arts, culture and heritage.

With this budget, the government is highlighting the immense contributions that Sikh Canadians have made to our country while also making critical investments to build a stronger and fairer Canada for generations to come.

## ਏਸ਼ੀਅਨ ਹਾਕੀ ਚੈਂਪੀਅਨ ਟਰਾਫੀ ’ਚ ਭਾਰਤ ਨੇ ਪਾਕਿਸਤਾਨ 2-1 ਨਾਲ ਹਰਾਇਆ

### ਦੋਵੇਂ ਗੋਲ ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੇ ਕੀਤੇ



ਏਸ਼ੀਅਨ ਹਾਕੀ ਚੈਂਪੀਅਨ ਟਰਾਫੀ ’ਚ ਸ਼ਨੀਵਾਰ ਨੂੰ ਭਾਰਤ ਨੇ ਪਾਕਿਸਤਾਨ 2-1 ਨਾਲ ਹਰਾ ਦਿੱਤਾ। ਮੁਕਾਬਲਾ ਹੁਲੁਨਬੁਇਰ ਦੇ ਮੋਕੀ ਹਾਕੀ ਟ੍ਰੇਨਿੰਗ ਬੇਸ ’ਚ ਖੇਡਿਆ ਗਿਆ। ਭਾਰਤ ਦੀ ਇਸ ਟੂਰਨਾਮੈਂਟ ’ਚ ਲਗਾਤਾਰ ਇਹ ਪੰਜਵੀਂ ਜਿੱਤ ਹੈ। ਅੱਜ ਦੇ ਮੈਚ ਦੌਰਾਨ ਦੋਵੇਂ ਗੋਲ ਭਾਰਤੀ ਟੀਮ ਦੇ ਕਪਤਾਨ ਹਰਪ੍ਰੀਤ ਸਿੰਘ ਵੱਲੋਂ ਕੀਤੇ ਗਏ ਜਦਕਿ ਪਾਕਿਸਤਾਨ ਦੀ ਟੀਮ ਵੱਲੋਂ ਅਹਿਮਦ ਨਦੀਮ ਨੇ ਇਕ ਗੋਲ ਕੀਤਾ। ਭਾਰਤ ਇਸ ਟੂਰਨਾਮੈਂਟ ਵਿਚ ਲਗਾਤਾਰ ਪੰਜ ਮੈਚ ਜਿੱਤ ਕੇ ਪੁਆਇੰਟ ਟੇਬਲ ’ਤੇ ਪਹਿਲੇ ਨੰਬਰ ’ਤੇ ਹੈ। ਜਦਕਿ ਪਾਕਿਸਤਾਨ 5 ਮੈਚਾਂ ਵਿਚੋਂ 2 ਮੈਚ ਜਿੱਤ ਕੇ ਦੂਜੇ ਨੰਬਰ ’ਤੇ ਹੈ। ਇਹ ਦੋਵੇਂ ਟੀਮਾਂ ਪਹਿਲਾਂ ਹੀ ਸੈਮੀਫਾਈਨਲ ਲਈ ਕੁਆਲੀਫਾਈ ਕਰ ਚੁੱਕੀਆਂ ਹਨ।

## ਬੀ.ਸੀ. ਵਿੱਚ ਲਗਾਤਾਰ ਵੱਧ ਰਹੇ ਘਰਾਂ ਦੇ ਕਿਰਾਇਆਂ ਤੋਂ ਲੋਕ ਪ੍ਰੇਸ਼ਾਨ

ਸਰੀ, ਬੀ.ਸੀ. ਦੇ ਵੱਡੇ ਸ਼ਹਿਰਾਂ ’ਚ ਨਵੇਂ ਆਏ ਪ੍ਰਵਾਸੀਆਂ ਨੂੰ ਕਿਰਾਏ ’ਤੇ ਸਸਤੇ ਘਰ ਲੱਭਣੇ ਬੇਹੱਦ ਮੁਸ਼ਕਲ ਹੋ ਗਏ ਹਨ ਇਸ ਦੇ ਨਾਲ ਹੀ ਆਏ ਦਿਨ ਵੱਧ ਰਹੀਆਂ ਕਿਰਾਏ ਦੀਆਂ ਦਰਾਂ ਕਾਰਨ ਵੀ ਲੋਕ ਬੇਹੱਦ ਪ੍ਰੇਸ਼ਾਨ ਹੋ ਰਹੇ ਹਨ। ਵੈਨਕੂਵਰ ਅਤੇ ਹੋਰ ਵੱਡੇ ਸ਼ਹਿਰਾਂ ਵਿੱਚ ਮਹੀਨਾਵਾਰ ਕਿਰਾਏ ਬਹੁਤ ਸਾਰੇ ਲੋਕਾਂ ਦੀ ਤਨਖਾਹ ਦਾ ਵੱਡਾ ਹਿੱਸਾ ਖਾ ਰਹੇ ਹਨ। Rentals.ca ਦੇ ਸਰਵੇ ਮੁਤਾਬਿਕ ਸਰੀ ਵਿੱਚ ਕਿਰਾਏ ਦੀਆਂ ਦਰਾਂ ਵਿਚ ਸਾਲਾਨਾ 8 ਫ਼ੀਸਦੀ ਦਾ ਵਾਧਾ ਦੇਖਣ ਨੂੰ ਮਿਲਿਆ ਹੈ। ਹਾਲਾਂਕਿ, ਸਰੀ ਅਜੇ ਵੀ ਵੈਨਕੂਵਰ ਨਾਲੋਂ ਕਾਫ਼ੀ ਕਿਫ਼ਾਇਤੀ ਹੈ, ਜਿੱਥੇ ਇੱਕ ਬੈੱਡਰੂਮ ਦਾ ਔਸਤਨ ਕਿਰਾਇਆ 2,700 ਡਾਲਰ ਹੈ। ਅੰਕੜਿਆਂ ਅਨੁਸਾਰ ਇਸ ਸਮੇਂ ਬੀ.ਸੀ. ਦਾ ਸਭ ਤੋਂ ਕਿਫ਼ਾਇਤੀ ਵੱਡਾ ਸ਼ਹਿਰ ਐਬਟਸਫੋਰਡ ਹੈ, ਜਿੱਥੇ ਇੱਕ ਬੈੱਡਰੂਮ ਦਾ ਔਸਤ ਕਿਰਾਇਆ 1,830 ਡਾਲਰ ਦੇ ਕਰੀਬ ਹੈ। ਬਿਜ਼ਨੈੱਸ ਇਨ ਵੈਂਕੂਵਰ ਦੇ ਟਾਈਲਰ ਆਰਟਨ ਨੇ ਦੱਸਿਆ, “ਕਿਰਾਏਦਾਰਾਂ ਦੀ ਸਥਿਤੀ ਮਾਲਕਾਂ ਨਾਲੋਂ ਦੋ ਗੁਣਾ ਬੁਰੀ ਹੈ। ਸਰਵੇਖਣ ਵਿੱਚ ਦਰਸਾਇਆ ਗਿਆ ਹੈ ਕਿ ਉਹ ਆਪਣੇ ਆਮਦਨ ਦੇ 30 ਫ਼ੀਸਦ ਤੋਂ ਵੱਧ ਖਰਚ ਕਰਨ ਦੀ ਸੰਭਾਵਨਾ ਦੋ ਗੁਣਾ ਵਧ ਗਈ ਹੈ, ਇਸ ਸਮੇਂ 245,000 ਤੋਂ ਵੱਧ ਘਰਾਂ ਦੇ ਮਾਲਕ ਸਬਸਿਡੀ ਆਵਾਸ ਲਈ ਵੇਟਲਿਸਟ ’ਤੇ ਹਨ।” Rentals.ca ਦੇ ਅਨੁਸਾਰ, ਅਲਬਰਟਾ ਵਿੱਚ ਔਸਤ ਕਿਰਾਇਆ 11 ਫ਼ੀਸਦ ਵਧ ਕੇ 1,800 ਡਾਲਰ ਹੋ ਗਿਆ ਹੈ ਅਤੇ ਸਾਰੇ ਦੇਸ਼ ਵਿੱਚ ਸਭ ਤੋਂ ਵੱਡਾ ਵਾਧਾ ਸਸਕੈਚੁਅਨ ਵਿੱਚ ਹੋਇਆ ਹੈ, ਜਿੱਥੇ ਇੱਕ ਬੈੱਡਰੂਮ ਦਾ ਕਿਰਾਇਆ 21 ਫ਼ੀਸਦ ਵਧ ਕੇ 1,300 ਡਾਲਰ ਹੋ ਗਿਆ ਹੈ।

# HERITAGE

## Air Canada says it hasn't cancelled flights today over pilot talks




Air Canada says some operations will start to be affected today as time is running out before a potential shutdown because of a labour dispute with its pilots, but noted it hadn't cancelled any flights on Friday in anticipation of a strike. The spokesperson said that the situation is evolving, and noted that Air Canada has stopped accepting certain cargo items, including live animals and perishables. Some services like vacation packages will start to be affected today, while a full shutdown could happen on Sept. 18. Meanwhile, Prime Minister said on Friday it's up to Air Canada and the union representing its pilots to reach an agreement to avoid disrupting travellers and businesses. The airline on Thursday called for the government to be ready to intervene to avoid major disruptions a shutdown would cause for its more than 110,000 travellers a day.

## What is the Mool Nanakshahi Calendar (MNSC)?

The Sikhs have permanently synchronized the original (Mool) Nanakshahi Calendar with the CE Calendar. This is the only historically, scientifically and Gurbani based Sikh Calendar, free of Bikrami or any other influence. Knowing the history, the timeline of events, evolution, resolutions, and hukamnamas are crucial to knowing the factual Sikh history and preserving the rich culture and heritage. Read a summary of a balanced perspective here. Mool Nanakshahi Calendar recognizes the adoption event, of 1999 CE, in the Sikh history when SGPC released the first calendar with permanently fixed dates in the Tropical Calendar. Therefore, the calculations of this calendar do not regress back from 1999 CE into the Bikrami era, and accurately fixes historical dates for all time in future. The calendar goes up to year 9999 CE.

## ਕੈਨੇਡਾ ’ਚ ਕਾਮਿਆਂ ਲਈ ਨਵਾਂ ਨਿਯਮ ਹੋਇਆ ਲਾਗੂ



ਪੰਜਾਬੀਆਂ ਲਈ ਇਕ ਅਹਿਮ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ਦੀ ਟਰੂਡੋ ਸਰਕਾਰ ਨੇ ਇਕ ਅਜਿਹਾ ਫੈਸਲਾ ਲਿਆ ਹੈ ਜਿਸ ਨਾਲ ਵਿਦੇਸ਼ੀ ਕਾਮਿਆ ਉੱਤੇ ਬੇਰੁਜ਼ਗਾਰੀ ਦਾ ਸੰਕਟ ਹੋਰ ਮੰਡਰਾਏਗਾ। ਕੈਨੇਡਾ ਦੀ ਸਰਕਾਰ 26 ਸਤੰਬਰ ਤੋਂ ਨਵੇਂ ਨਿਯਮ ਲਾਗੂ ਕਰਨ ਜਾ ਰਹੀ ਹੈ। ਨਵੇਂ ਨਿਯਮਾਂ ਤਹਿਤ ਘੱਟ ਤਨਖਾਹ ਵਾਲਿਆ ਨੂੰ 10 ਫੀਸਦ ਹੀ ਕੰਪਨੀਆਂ ਰੱਖਣਗੀਆਂ। ਇਹ ਪਹਿਲਾ 20 ਫੀਸਦ ਸੀ। ਆਓ ਜਾਣਦੇ ਹਾਂ ਕਿ ਇਸ ਫ਼ੈਸਲੇ ਦਾ ਕੈਨੇਡਾ ’ਚ ਟੈਂਪਰੇਰੀ ਫੋਰਨ ਵਰਕਰ (ਟੀ.ਐਫ਼. ਡਬਿਲਊ.) ਪ੍ਰੋਗਰਾਮ ਤਹਿਤ ਕੰਮ ਕਰਨ ਵਾਲੇ ਭਾਰਤੀਆਂ ’ਤੇ ਕੀ ਅਸਰ ਪਵੇਗਾ ਅਤੇ ਉਨ੍ਹਾਂ ਨੂੰ ਅੱਗੇ ਕੀ ਕਰਨਾ ਚਾਹੀਦਾ ਹੈ। ਅਸਥਾਈ ਵਿਦੇਸ਼ੀ ਵਰਕਰ ਪ੍ਰੋਗਰਾਮ ਕੈਨੇਡਾ ’ਚ ਕੰਪਨੀਆਂ ਨੂੰ ਅਸਥਾਈ ਆਧਾਰ ’ਤੇ ਵਿਦੇਸ਼ੀ ਕਾਮਿਆਂ ਨੂੰ ਨੌਕਰੀ ’ਤੇ ਰੱਖਣ ਦੀ ਇਜਾਜ਼ਤ ਦਿੰਦਾ ਹੈ ਜਦੋਂ ਉਹ ਯੋਗ ਕੈਨੇਡੀਅਨ ਨਹੀਂ ਲੱਭ ਸਕਦੇ। ਇਹ ਮਿਆਦ ਆਮ ਤੌਰ ’ਤੇ 2 ਸਾਲ ਤਕ ਰਹਿੰਦੀ ਹੈ। ਕੰਪਨੀਆਂ ਜਾਂ ਰੁਜ਼ਗਾਰਦਾਤਾਵਾਂ ਨੂੰ ਲਾਜ਼ਮੀ ਤੌਰ ’ਤੇ ਇਹ ਵਿਖਾ ਉਣਾ ਪੈਂਦਾ ਹੈ ਕਿ ਉਨ੍ਹਾਂ ਨੇ ਵਿਦੇਸ਼ੀ ਲੋਕਾਂ ਨੂੰ ਨੌਕਰੀ ’ਤੇ ਰੱਖਣ ਤੋਂ ਪਹਿਲਾਂ ਕੈਨੇਡੀਅਨ ਕਾਮਿਆਂ ਦੀ ਭਰਤੀ ਲਈ ਹਰ ਕੋਸ਼ਿਸ਼ ਕੀਤੀ ਹੈ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. 4 ਅਕਤੂਬਰ, 2022 ਨੂੰ, ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦੇ ਕਿਹੜੇ ਸ਼ਹਿਰ ਨੇ 1914 ਵਿੱਚ ਕਾਮਾਗਾਟਾਮਾਰੂ ਕਾਂਡ ਤੋਂ ਪ੍ਰਭਾਵਿਤ ਹੋਏ ਸਾਰੇ ਨਿਰਦੋਸ਼ ਲੋਕਾਂ ਦੀ ਯਾਦ ਵਿੱਚ ਕਵੀਂਸਬਰੋ ਫੈਰੀ ਡੌਕ ਅਤੇ ਰਿਵਰ ਵਾਕ ਟ੍ਰੇਲ ਦਾ ਨਾਮ ਬਦਲ ਦਿੱਤਾ?**

a. ਵੈਨਕੂਵਰ
b. ਸਰੀ
c. ਨਿਊ ਵੈਸਟਮਿਨਸਟਰ
d. ਵਿਕਟੋਰੀਆ

**2. ਦਸਤਾਰ ਦੀ ਮਹਾਨਤਾ ਨੂੰ ਉਜਾਗਰ ਕਰਨ ਲਈ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 18 ਦਸੰਬਰ, 2022 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿਖੇ ਹੋਏ ਰਾਸ਼ਟਰੀ ਦਸਤਾਰ ਬੰਦੀ ਸਮਾਗਮ ਵਿੱਚ ਕਿੰਨੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਦਸਤਾਰ ਸਜਾਈ?**

a. 1000
b. 2100
c. 1100
d. 1300

**3. ਗੁਰਮਤਿ ਅਨੁਸਾਰ ਕਿਹੜੇ ਕੰਮ ਵਰਜਿਤ ਹਨ?**

a. ਵਰਤ ਰੱਖਣੇ
b. ਤੀਰਥ ਦਾ ਰਟਨ
c. ਦੋਵੇਂ A ਅਤੇ B
d. ਇਹਨਾਂ ਵਿਚੋਂ ਕਈ ਨਹੀਂ

(ਦੇਖੋ ਉੱਤਰ ਪੰਨਾ 4 ’ਤੇ)

## CAREER COUNSELLING

# *Once You Touch Forty (40)*



Narinder Pal Singh

By the time you reach 40, you've likely become well-acquainted with your strengths, weaknesses, passions, and fears. This self-awareness is a powerful tool; it means you no longer strive to fit into someone else's mold or seek approval indiscriminately. You should be smart enough to realize this. Few facts & tips:

- Someone makes 10x more than you do in a 9-5 job because they have more "leverage" with their work.
- Distraction is the greatest killer of success. It stunts and destroys your brain.
- You shouldn't take advice from people who are not where you want to be in life.
- No one is coming to save your problems. Your life is 100% your responsibility.
- You don't need 100 self-help books, all you need is action and self-discipline.
- No one cares about you. So stop being shy, go out and create your chances.
- If you find someone smarter than you, work with them, don't compete.
- Smoking has 0 benefit in your life. This habit will only slow your thinking and lower your focus.
- Comfort is the worst addiction and cheap ticket to depression.
- Don't tell people more than they need to know, respect your privacy.
- Avoid alcohol at all cost. Nothing worse than losing your senses and acting a fool.
- Keep your standards high and don't settle for something because it's available.
- The family you create is more important than the family you come from.
- Train yourself to take nothing personally to save yourself from 99.99% of mental problems.

"YOU CAN'T HELP GETTING ORDER, BUT YOU DON'T HAVE TO FET OLD."

## MESSAGE FOR READERS

Hello Sangat ji!

Waheguru Ji Ka Khalsa, Waheguru Ji Ki Fateh!

Do you watch "AAO BANIEH GURSIKH PIARA" on Chardikala Time TV every Sunday! You will be delighted to know that this program has completed 10 years since its inception and it's been a beacon of wisdom, exploring the knowkedge of Gurbani, Sikh heritage, and the stories of our revered Sikh personalities.

Make sure that the young children pick up this opportunity to learn Sikhi and values of love, compassion and understanding in a unique way.

Not just that, this show has been the guide for spiritual journey of life.

You can also watch more than 400 videos on YouTube.

So mark your calendars and set a reminder every Sunday! Tune in to Chardikala Time TV for "AAO BANIEH GURSIKH PIARA".

Waheguru Ji Ka Khalsa, Waheguru Ji Ki Fateh!

- Swaranjeet Singh (Engineer) Director, Hartek Group

## SIKH MATRIMONIALS

Gursikh Boy 27/6ft.B.Com (DU) USA Green Card holder / ND,NT/ Family Business/ Sister Pursuing Masters in USA/ Contact +91 9810064036

Gursikh girl 26/5'2"/ Zoology Hons./ BEd. University of Windsor/Teacher in Ontario/Parents in Govt. Service/ Contact +91 9910229922

Required Canadian Born Sikh match for Gursikh girl 29/5'4" in Govt job at Ottwa. No cast bar, Boy should be Turbaned ND/NT. Contact +1613 330 6319.

Gursikh boy29/5'10"/BTech/Working in Canada as Project Manager in MNC/Father retired from Air India/ Contact +1 905 782 3495

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. C 3. C

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555